## ਅੰਤਰਿਮ ਰਿਪੋਰਟ ਵਿੱਚ ਕੀ ਹੈ?

ਵਿਕਟੋਰੀਆ ਦੀ ਦਿਮਾਗੀ ਸਿਹਤ ਪ੍ਰਣਾਲੀ ਵਾਸਤੇ ਰੌਇਲ ਕਮਿਸ਼ਨ ਸਥਾਪਿਤ ਕੀਤਾ ਗਿਆ ਸੀ ਕਿਉਂਕਿ ਇਹ ਬਹੁਤ ਵੱਡੀ ਧਾਰਣਾ ਬਣ ਚੁੱਕੀ ਸੀ ਕਿ ਦਿਮਾਗੀ ਸਿਹਤ ਸੇਵਾਵਾਂ ਆਪਣੇ ਸੰਕਟ ਵਾਲੇ ਹਾਲਾਤਾਂ ਵਿੱਚ ਪਹੁੰਚ ਚੁੱਕੀਆਂ ਸਨ। ਦਿਮਾਗੀ ਬਿਮਾਰੀ ਨਾਲ ਰਹਿ ਰਹੇ ਕਈ ਲੋਕਾਂ ਦਾ ਇਲਾਜ, ਸੰਭਾਲ ਅਤੇ ਸਹਾਇਤਾ ਨਹੀਂ ਹੋ ਪਾ ਰਹੀ ਜਦੋਂ ਅਤੇ ਜਿੱਥੇ ਇਹ ਸਭ ਤੋਂ ਵਧੀਆ ਫ਼ਾਇਦਾ ਪਹੁੰਚਾ ਸਕਦੀ ਸੀ।

ਕਮਿਸ਼ਨ ਦੀ ਅੰਤਰਿਮ ਰਿਪੋਰਟ ਵਿੱਚ ਪਹਿਲ ਦੀਆਂ ਸਿਫਾਰਸ਼ਾਂ ਸ਼ਾਮਲ ਹਨ ਜੋ ਕਿ ਤੁਰੰਤ ਲੋੜਾਂ ਦਾ ਹੱਲ ਕੱਢਣਗੀਆਂ ਅਤੇ ਦਿਮਾਗੀ ਸਿਹਤ ਨੂੰ ਇਕ ਨਵੀਂ ਦਿਸ਼ਾ ਦੇਣ ਵਾਸਤੇ ਨੀਂਹ ਰੱਖਣਗੀਆਂ। ਇਹ ਇਕ ਮਹੱਤਵਪੂਰਣ ਪਹਿਲਾ ਕਦਮ ਹੈ।

ਕਮਿਸ਼ਨ ਆਪਣੀ ਅਖੀਰਲੀ ਰਿਪੋਰਟ ਜੋ ਕਿ ਅਕਤੂਬਰ 2020 ਵਿੱਚ ਆਏਗੀ, ਦੀਆਂ ਸਿਫਾਰਸ਼ਾਂ ਵਿਕਟੋਰੀਆ ਦੀ ਦਿਮਾਗੀ ਸਿਹਤ ਪ੍ਰਣਾਲੀ ਵਿੱਚ ਬਦਲਾਵਾਂ ਵਾਸਤੇ ਸਾਹਸੀ ਅਤੇ ਪਰਗਤੀਸ਼ੀਲ ਦ੍ਰਿਸ਼ਟੀਕੋਣ ਪੇਸ਼ ਕਰੇਗੀ।

## ਅੰਤਰਿਮ ਰਿਪੋਰਟ ਨੇ ਕੀ ਸਿਫਾਰਸ਼ਾਂ ਕੀਤੀਆਂ ਹਨ?

- ਦਿਮਾਗੀ ਸਿਹਤ ਵਾਸਤੇ ਪੂੰਜੀ ਵਿੱਚ - ਸਿਰਫ ਹੁਣੇ ਹੀ ਨਹੀਂ ਪਰ ਭਵਿੱਖ ਵਿੱਚ ਵੀ ਵੱਡੇ ਵਾਧੇ ਨੂੰ ਯਕੀਨੀ ਬਨਾਉਣ ਲਈ, ਦਿਮਾਗੀ ਸਿਹਤ ਨਿਵੇਸ਼ (ਟੈਕਸ ਜਾਂ ਲੈਵੀ) ਵੱਲ ਇਕ ਨਵਾਂ ਦ੍ਰਿਸ਼ਟੀਕੋਣ
- ਸਾਰੇ ਵਿਕਟੋਰੀਆ ਵਾਸੀਆਂ ਲਈ ਦਿਮਾਗੀ ਸਿਹਤ ਦੇ ਵਧੀਆ ਨਤੀਜੇ ਹਾਸਲ ਕਰਨ ਵਾਸਤੇ ਵੱਖਰੇ ਹੁਨਰਾਂ ਅਤੇ ਮੁਹਾਰਤਾਂ ਨੂੰ ਇਕੱਠਾ ਕਰਨ ਲਈ ਵਿਕਟੋਰੀਆ ਦੇ ਦਿਮਾਗੀ ਸਿਹਤ ਅਤੇ ਭਲਾਈ ਸਹਿਯੋਗੀ ਕੇਂਦਰ ਦੀ ਸਥਾਪਨਾ ਕਰਨਾ।
- ਲੋੜਾਂ ਵਾਲੇ ਖੇਤਰਾਂ ਵਿੱਚ ਸੰਕਟਮਈ ਦਬਾਵਾਂ ਦਾ ਹੱਲ ਕੱਢਣ ਵਿੱਚ ਸਹਾਇਤਾ ਕਰਨ ਲਈ ਨੌਜਵਾਨਾਂ ਤੇ ਬਾਲਗਾਂ ਦੀ ਤੀਬਰ ਦਿਮਾਗੀ ਸਿਹਤ ਵਾਸਤੇ ਵਾਧੂ 170 ਬਿਸਤਰੇ।
- ਆਤਮ ਹੱਤਿਆ ਦੇ ਖਤਰੇ ਵਾਲੇ ਵਿਕਟੋਰੀਆ ਵਾਸੀਆਂ ਲਈ ਸਹਿਯੋਗ ਅਤੇ ਪਹੁੰਚ ਦੀ ਉਪਲਬਧਤਾ ਵਧਾਉਣ ਲਈ, ਹੌਸਪੀਟਲ ਆਊਟਰੀਚ ਪੋਸਟ-ਸੂਸਾਈਡਲ ਇਨਗੇਜਮੈਂਟ (ਐਚ ਓ ਪੀ ਈ) ਪ੍ਰੋਗਰਾਮ ਦਾ ਦਿਮਾਗੀ ਸਿਹਤ ਸੇਵਾਵਾਂ ਦੇ ਸਾਰੇ ਖੇਤਰਾਂ ਵਿੱਚ ਵਾਧਾ ਅਤੇ ਸਬ-ਖੇਤਰੀ ਸਿਹਤ ਸੇਵਾਵਾਂ ਦੇ ਨਾਲ ਨਾਲ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਨਵੀਂ ਨਿਸ਼ਚਤ ਪੂਰਵਕ ਪਹੁੰਚ ਅਤੇ ਬਾਅਦ ਦੀਆਂ ਸੇਵਾਵਾਂ ਪ੍ਰਦਾਨ ਕਰਨੀਆਂ।
- ਮੂਲਵਾਸੀ ਸਮਾਜਿਕ ਅਤੇ ਜਜ਼ਬਾਤੀ ਭਲਾਈ ਕੇਂਦਰ ਦੀ ਸਥਾਪਨਾ ਕਰਨੀ ਅਤੇ ਰਾਜ ਭਰ ਦੇ ਵਿੱਚ ਮੂਲਵਾਸੀ ਸਮਾਜਿਕ ਅਤੇ ਜਜ਼ਬਾਤੀ ਭਲਾਈ ਟੀਮਾਂ ਵਿੱਚ ਵਾਧਾ।
- ਦਿਮਾਗੀ ਬਿਮਾਰੀ ਦਾ ਤਜ਼ਰਬਾ ਕਰ ਚੁੱਕੇ ਲੋਕਾਂ ਵੱਲੋਂ ਤਿਆਰ ਅਤੇ ਦਿੱਤੀ ਜਾਣ ਵਾਲੀ ਤੀਬਰ ਦਾਖਲੇ ਦੇ ਬਦਲ ਵਜੋਂ ਵਿਕਟੋਰੀਆ ਦੀ ਪਹਿਲੀ ਰਿਹਾਇਸ਼ੀ ਦਿਮਾਗੀ ਸਿਹਤ ਸੇਵਾ ਸਥਾਪਤ ਕਰਨੀ।
- ਗਾਹਕ ਅਤੇ ਪਰਿਵਾਰਕ-ਸੰਭਾਲ ਦੇ ਤਜ਼ਰਬਿਆਂ ਵਾਲੀਆਂ ਕੰਮ-ਕਾਜੀ ਟੀਮਾਂ ਨੂੰ ਵਧਾਉਣਾ ਤੇ ਸਹਿਯੋਗ ਦੇਣਾ।
- ਜਨਤਕ ਦਿਮਾਗੀ ਸਿਹਤ ਸੇਵਾਵਾਂ ਵਿੱਚ ਗਰੈਜੂਏਟ ਨਰਸਾਂ ਅਤੇ ਨੀਮ (ਅਲਾਈਡ) ਸਿਹਤ ਪੇਸ਼ੇਵਰਾਂ ਦੀ ਗਿਣਤੀ ਨੂੰ ਹੋਰ ਸਿਖਲਾਈ ਦੇ ਰਾਹੀਂ ਅਤੇ ਭਰਤੀ ਦੇ ਰਸਤਿਆਂ ਨੂੰ ਵਧਾ ਕੇ ਕੰਮ-ਕਾਜੀ ਟੀਮਾਂ ਦੀ ਥੋੜ ਨੂੰ ਹੱਲ ਕਰਨਾ ਅਤੇ ਸੁਧਾਰ ਲਈ ਤਿਆਰ ਕਰਨਾ।
- ਇਹਨਾਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਸ਼ੁਰੂ ਕਰਨ ਲਈ ਦਿਮਾਗੀ ਸਿਹਤ ਲਾਗੂ ਕਰਨ ਦਾ ਦਫਤਰ ਸਥਾਪਤ ਕਰਨਾ।

## ਕੀ ਇਹ ਅਖੀਰਲੀ ਰਿਪੋਰਟ ਹੈ?

ਨਹੀਂ, ਅਖੀਰਲੀ ਰਿਪੋਰਟ ਅਕਤੂਬਰ 2020 ਵਿੱਚ ਆਏਗੀ।

## ਇਹਨਾਂ ਸਿਫਾਰਸ਼ਾਂ ਨੂੰ ਕੌਣ ਲਾਗੂ ਕਰੇਗਾ?

ਵਿਕਟੋਰੀਆ ਦੀ ਸਰਕਾਰ ਰੌਇਲ ਕਮਿਸ਼ਨ ਵੱਲੋਂ ਸੁਝਾਈਆਂ ਗਈਆਂ ਸਾਰੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਵਚਨਬੱਧ ਹੈ।

ਕਮਿਸ਼ਨ ਨੇ ਸਿਫਾਰਸ਼ਾਂ ਨੂੰ ਲਾਗੂ ਕਰਨਾ ਸ਼ੁਰੂ ਕਰਨ ਲਈ ਦਿਮਾਗੀ ਸਿਹਤ ਲਾਗੂ ਕਰਨ ਦਾ ਦਫਤਰ ਸਥਾਪਤ ਕਰਨ ਦੀ ਸਿਫਾਰਸ਼ ਕੀਤੀ ਹੈ।

**ਜੇਕਰ ਮੇਰਾ ਅੰਤਰਿਮ ਰਿਪੋਰਟ ਬਾਰੇ ਕੋਈ ਸਵਾਲ ਹੈ ਤਾਂ ਕੀ?**

ਜੇਕਰ ਤੁਹਾਡੇ ਕੋਈ ਸਵਾਲ ਹਨ ਜਿੰਨ੍ਹਾਂ ਦੇ ਜਵਾਬ ਇੱਥੇ ਨਹੀਂ ਦਿੱਤੇ ਗਏ ਹਨ, ਤੁਸੀਂ ਕਮਿਸ਼ਨ ਨੂੰ **contact@rcvmhs.vic.gov.au**, 1800 00 11 34, ਜਾਂ ਪੀ ਓ ਬਾਕਸ 12079, ਏ ਬੈਕਟ ਸਟਰੀਟ, ਵਿਕਟੋਰੀਆ 8006 ਰਾਹੀਂ ਸੰਪਰਕ ਕਰ ਸਕਦੇ ਹੋ।

ਜੇਕਰ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ, ਕਿਰਪਾ ਕਰਕੇ 03 7005 3010 ਤੇ ਫੋਨ ਕਰੋ।

**ਕੀ ਮੈਂ ਅੰਤਰਿਮ ਰਿਪੋਰਟ ਦੀ ਕਾਗਜ਼ੀ ਨਕਲ ਲੈ ਸਕਦਾ ਹਾਂ?**

ਰੌਇਲ ਕਮਿਸ਼ਨ ਇਸ ਦੇ ਵਾਤਾਵਰਣ ਦੇ ਪੱਦ-ਚਿੰਨ੍ਹਾਂ ਨੂੰ ਘਟਾਉਣ ਲਈ ਵਚਨਬੱਧ ਹੈ। ਜਿਵੇਂ ਕਿ, ਕਮਿਸ਼ਨ ਸਾਡੀ ਵੈਬਸਾਈਟ ਲੋਕਾਂ ਨੂੰ ਅੰਤਰਿਮ ਰਿਪੋਰਟ ਅਤੇ ਦਸਤਾਵੇਜ਼ਾਂ ਦਾ ਸੰਖੇਪ ਪੜ੍ਹਨ ਲਈ ਉਤਸ਼ਾਹਿਤ ਕਰਦਾ ਹੈ।

**ਜੇ**ਕਰ ਤੁਹਾਨੂੰ ਇੰਟਰਨੈਟ ਤੱਕ ਪਹੁੰਚ ਨਹੀਂ ਹੈ ਤੁਸੀਂ ਆਪਣੀ ਸਥਾਨਕ ਲਾਇਬ੍ਰੇਰੀ ਵਿੱਚ ਕੋਸ਼ਿਸ਼ ਕਰ ਸਕਦੇ ਹੋ।

**ਕੀ ਅੰਤਰਿਮ ਰਿਪੋਰਟ ਪਹੁੰਚਯੋਗ ਰੂਪ ਵਿੱਚ ਉਪਲਬਧ ਹੈ?**

ਅੰਤਰਿਮ ਰਿਪੋਰਟ ਅਤੇ ਦਸਤਾਵੇਜ਼ਾਂ ਦਾ ਸੰਖੇਪ ਪਹੁੰਚਯੋਗ ਸ਼ਬਦੀ ਰੂਪ ਵਿੱਚ ਕਮਿਸ਼ਨ ਦੀ ਵੈਬਸਾਈਟ ਉਪਰ ਜਲਦੀ ਹੀ ਉਪਲਬਧ ਹੋਵੇਗਾ।

ਜੇ ਤੁਸੀਂ ਚਾਹੁੰਦੇ ਹੋ ਕਿ ਜਦੋਂ ਇਹ ਉਪਲਬਧ ਹੋਵੇ ਤਾਂ ਤੁਹਾਨੂੰ ਸੂਚਿਤ ਕੀਤਾ ਜਾਵੇ, ਜਾਂ ਤੁਸੀਂ ਪਹੁੰਚ ਦੀਆਂ ਲੋੜਾਂ ਬਾਰੇ ਵਿਚਾਰ ਕਰਨਾ ਪਸੰਦ ਕਰੋਗੇ, ਤੁਸੀਂ ਕਮਿਸ਼ਨ ਨੂੰ **contact@rcvmhs.vic.gov.au** ਜਾਂ 1800 00 11 34 ਰਾਹੀਂ ਸੰਪਰਕ ਕਰ ਸਕਦੇ ਹੋ।

**ਅੰਤਰਿਮ ਰਿਪੋਰਟ ਵਿੱਚ ਹਰ ਕਿਸੇ ਚੀਜ਼ ਦਾ ਹੱਲ ਕਿਉਂ ਨਹੀਂ ਕੱਢਿਆ ਗਿਆ ਹੈ?**

ਅਸੀਂ ਰੌਇਲ ਕਮਿਸ਼ਨ ਦੀ ਮਿਆਦ ਦੇ ਹਾਲੇ ਅੱਧ ਵਿੱਚ ਵੀ ਨਹੀਂ ਪਹੁੰਚੇ ਹਾਂ। ਅੰਤਰਿਮ ਰਿਪੋਰਟ ਇਕ ਸ਼ੁਰੂਆਤ ਹੈ। ਸਾਡੇ ਅੱਗੇ ਹਾਲੇ ਬਹੁਤ ਸਾਰਾ ਕੰਮ ਪਿਆ ਹੋਇਆ ਹੈ।

ਕਮਿਸ਼ਨ ਨੇ ਬਹੁਤ ਤਰ੍ਹਾਂ ਦੇ ਲੋਕਾਂ ਪਾਸੋਂ ਸੁਣਿਆ ਹੈ ਜੋ ਕਿ ਸਭ ਵਾਸਤੇ ਪ੍ਰਣਾਲੀ ਨੂੰ ਵਧੀਆ ਬਨਾਉਣ ਵਿੱਚ ਆਪਣੀ ਭੂਮਿਕਾ ਨਿਭਾਉਣਾ ਚਾਹੁੰਦੇ ਹਨ - ਦਿਮਾਗੀ ਬਿਮਾਰੀ ਸਹਿ ਚੁੱਕੇ ਲੋਕਾਂ, ਸੰਭਾਲ ਕਰਨ ਵਾਲਿਆਂ ਅਤੇ ਪਰਿਵਾਰ, ਕੰਮ-ਕਾਜੀ ਟੀਮ, ਵਿਦਿਅਕ, ਅਤੇ ਸਿਹਤ ਸੇਵਾ ਤੇ ਹੋਰ ਸੰਸਥਾਵਾਂ।

ਕਮਿਸ਼ਨ ਵੱਲੋਂ ਪ੍ਰਾਪਤ ਕੀਤੀਆਂ 3,200 ਤੋਂ ਵੱਧ ਅਰਜ਼ੀਆਂ ਵਿੱਚੋਂ ਹਰੇਕ ਨੂੰ ਕਮਿਸ਼ਨਰਾਂ ਜਾਂ ਕਮਿਸ਼ਨ ਦੇ ਕਰਮਚਾਰੀਆਂ ਵੱਲੋਂ ਪੜ੍ਹਿਆ ਜਾਵੇਗਾ।

ਇਹ ਯੋਗਦਾਨ ਅਕਤੂਬਰ 2020 ਵਿੱਚ ਅਖੀਰਲੀ ਰਿਪੋਰਟ ਦੇ ਅੱਗੇ ਪਏ ਕੰਮ ਦੀ ਅਦਾਇਗੀ ਤੱਕ ਲਗਾਤਾਰ ਜਾਣਕਾਰੀ ਦਿੰਦੇ ਰਹਿਣਗੇ।

**ਕੀ ਅੰਤਰਿਮ ਰਿਪੋਰਟ ਬਾਰੇ ਕੋਈ ਸਲਾਹ ਪ੍ਰਕਿਰਿਆ ਹੋਵੇਗੀ?**

ਅੰਤਰਿਮ ਰਿਪੋਰਟ ਬਾਰੇ ਅਸੀਂ ਰਸਮੀ ਅਰਜੀਆਂ ਨਹੀਂ ਮੰਗਾਂਗੇ - ਇਹ ਉਹਨਾਂ ਚੀਜ਼ਾਂ ਦਾ ਲੇਖਾ ਜੋਖਾ ਹੈ ਜੋ ਕੁਝ ਤੁਰੰਤ ਲੋੜਾਂ ਦੇ ਜਵਾਬ ਵਿੱਚ ਕੀਤੀਆਂ ਸਿਫਾਰਸ਼ਾਂ ਅਤੇ ਭਵਿੱਖ ਦੇ ਸੁਧਾਰਾਂ ਵਾਸਤੇ ਨੀਂਹ ਪਾਉਣ ਦੇ ਨਾਲ ਨਾਲ ਅਸੀਂ ਹੁਣ ਤੱਕ ਸੁਣਿਆ ਹੈ

ਕਮਿਸ਼ਨ ਆਪਣੇ ਆਮ ਸਾਧਨਾਂ - ਪੀ ਓ ਬਾਕਸ 12079, ਏ ਬੈਕੇਟ ਸਟਰੀਟ, ਵਿਕਟੋਰੀਆ 8006
ਜਾਂ **contact@rcvmhs.vic.gov.au**ਰਾਹੀਂ ਚਿੱਠੀ ਪੱਤਰ ਪ੍ਰਾਪਤ ਕਰਦਾ ਰਹੇਗਾ।

**ਮੈਂ ਇਸ ਵਿੱਚ ਲਗਾਤਾਰ ਕਿਵੇਂ ਸ਼ਾਮਲ ਹੋ ਸਕਦਾ ਹਾਂ?**

ਸਲਾਹਵਾਂ, ਅਰਜ਼ੀਆਂ ਅਤੇ ਜਨਤਕ ਸੁਣਵਾਈਆਂ ਰਾਹੀਂ ਕਮਿਸ਼ਨ ਨੇ ਹੁਣ ਤੱਕ ਭਾਈਚਾਰੇ ਕੋਲੋਂ ਕਈ ਸਾਰੇ ਯੋਗਦਾਨ ਪ੍ਰਾਪਤ ਕੀਤੇ ਹਨ। ਇਹ ਯੋਗਦਾਨ ਕਮਿਸ਼ਨ ਦੇ ਲਗਾਤਾਰ ਚੱਲ ਰਹੇ ਕੰਮ ਨੂੰ ਜਾਣਕਾਰੀ ਦਿੰਦੇ ਰਹਿਣਗੇ।

ਕਮਿਸ਼ਨ ਹੋਰ ਯੋਗਦਾਨਾਂ ਦੀ ਮੰਗ ਨਹੀਂ ਕਰੇਗਾ। ਇਹ ਵੱਡੇ ਜਾਣਕਾਰੀ ਇਕੱਠੇ ਕਰਨ ਵਾਲੇ ਪੜਾਅ ਵਿੱਚੋਂ ਨਿਕਲ ਕੇ ਵੇਰਵੇ ਵਾਲੀ ਸਮੀਖਿਆ ਅਤੇ ਪ੍ਰਣਾਲੀ ਦੀ ਬਣਤਰ ਵਿੱਚ ਜਾ ਰਿਹਾ ਹੈ।

ਕਮਿਸ਼ਨ ਆਪਣੇ ਕੰਮ ਵਿੱਚ ਅਤੇ ਅਖੀਰਲੀ ਰਿਪੋਰਟ ਤਿਆਰ ਕਰਨ ਵਿੱਚ ਦਿਮਾਗੀ ਬਿਮਾਰੀ ਸਹਿ ਚੁੱਕੇ ਲੋਕਾਂ ਨੂੰ ਲਗਾਤਾਰ ਸ਼ਾਮਲ ਕਰਦਾ ਰਹੇਗਾ।

ਕਮਿਸ਼ਨ ਅਪ੍ਰੈਲ/ਮਈ 2020 ਵਿੱਚ ਹੋਰ ਜਨਤਕ ਸੁਣਵਾਈਆਂ ਦਾ ਪਰਬੰਧ ਕਰੇਗਾ।

ਜਨਤਕ ਸੁਣਵਾਈਆਂ ਸਮੇਤ ਲਗਾਤਾਰ ਨਾਲ ਜੁੜੇ ਰਹਿਣ ਵਾਲੇ ਕੰਮ ਬਾਰੇ ਵਧੇਰੇ ਜਾਣਕਾਰੀ ਕਮਿਸ਼ਨ ਦੀ ਵੈਬਸਾਈਟ ਉਪਰ ਆਉਂਦੇ ਮਹੀਨਿਆਂ ਵਿੱਚ ਛਾਪੀ ਜਾਵੇਗੀ।

ਤਾਜ਼ਾ ਜਾਣਕਾਰੀ ਵਾਸਤੇ ਤੁਸੀਂ **contacts** ਸਫੇ ਉਪਰ ਰਜਿਸਟਰ ਕਰ ਸਕਦੇ ਹੋ।